Weekly

CANADA SIKH TIMES

23 - 29 November 2025

ਕੈਨੇਡਾ ਸਿੱਖ ਟਾਈਮਜ਼

Volume 3 Issue 47

• RELIGION • CULTURE • HERITAGE • BUSINESS

ਸਿੱਖ ਬਾਡੀਬਿਲਡਰ ਸਵਰਾਜ ਸਿੰਘ ਖਾਲਸਾ ਨੇ ਦੁਨੀਆ ਵਿਚ ਚਮਕਾਇਆ ਨਾਮ



ਭਾਰਤੀ ਸਿੱਖ ਬਾਡੀਬਿਲਡਰ ਸਵਰਾਜ ਸਿੰਘ ਖਾਲਸਾ ਨੇ ਬਿਤੇ ਦਿਨੀ ਮੁੰਬਈ ਵਿੱਚ ਹੋਈ Mr. Olympia Amateur India ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਹਾਸਲ ਕੀਤਾ ਹੈ। IHFF Sheru Clasisc ਦੁਆਰਾ ਆਯੋਜਿਤ ਕੀਤਾ ਜਾਣ ਵਾਲਾ ਇਹ ਮੁਕਾਬਲਾ ਦੇਸ਼ ਦੇ ਸਿਖਰਲੇ ਬਾਡੀਬਿਲਡਰਾਂ ਦਾ ਪ੍ਰਭਾਵੀ ਮੰਚ ਮੰਨਿਆ ਜਾਂਦਾ ਹੈ। ਸੋਸ਼ਲ ਮੀਡੀਆ 'ਤੇ ਸਵਰਾਜ ਸਿੰਘ ਨੂੰ ਇਸ ਪ੍ਰਾਪਤੀ ਲਈ ਬੇਅੰਤ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਉਸਦੀ ਕੜੀ ਮਿਹਨਤ, ਅਨੁਸ਼ਾਸਨ ਅਤੇ ਲਗਾਤਾਰਤਾ ਦੀ ਹਰ ਪਾਸੇ ਸਰਾਹਨਾ ਕੀਤੀ ਜਾ ਰਹੀ ਹੈ। ਆਪਣੇ ਟ੍ਰੇਨਰ ਅਤਿੰਦਰਜੀਤ ਸਿੰਘ ਦੀ ਰਹਿਨੁਮਾਈ ਹੇਠ ਸਵਰਾਜ ਨੇ ਪਿਛਲੇ ਕੁਝ ਸਾਲਾਂ ਵਿੱਚ ਕਾਬਿਲੇ-ਤਾਰੀਫ਼ ਤਰੱਕੀ ਕੀਤੀ ਹੈ। 2024 ਵਿੱਚ ਵੀ ਉਹ Mr. Olympia Amateur Men's Physique ਵਿੱਚ ਚੌਥੇ ਸਥਾਨ 'ਤੇ ਰਹਿ ਚੁੱਕਾ ਹੈ। ਸਵਰਾਜ ਸਿੰਘ ਖਾਲਸਾ ਦੀ ਯਾਤਰਾ ਭਾਰਤ ਦੇ ਨੌਜਵਾਨਾਂ ਅਤੇ ਬਾਡੀਬਿਲਡਿੰਗ ਸ਼ੌਕੀਨਾਂ ਲਈ ਵੱਖਰੀ ਪ੍ਰੇਰਣਾ ਹੈ। ਉਸ ਦੀ ਕਾਮਯਾਬੀ ਸਖ਼ਤ ਮਿਹਨਤ, ਡਟੇ ਰਹਿਣ ਅਤੇ ਖੇਡ ਪ੍ਰਤੀ ਸੱਚੀ ਲਗਨ ਦੀ ਮਿਸਾਲ ਹੈ।

Beant Singh Shines as India's New Flying Sikh, Wins 800m Gold

Delhi's Beant Singh announced himself as the next Flying Sikh after winning gold in the boys' 800m at the Asian Youth Athletics Championships. The 16-year-old controlled the race from the gun, finishing in 1:52.26 at the Qatar Sports Club Stadium—one of the fastest youth timings globally this season. His dominant first lap of 54 seconds gave him a lead he never surrendered, earning India its first gold of the meet. Beant's journey is anything but typical. He began as a wrestler and even trained in a national camp under Olympic medalist Sushil Kumar before switching to athletics, where his natural speed quickly surfaced. He already holds the national youth record after a 1:51.08 run in Delhi last year. With confidence soaring, Beant now has his eyes on the World Youth Championships and hopes to dip under 1:50.

Punjab Assembly Declares 3 Cities with Takht Sahibs as Holy Cities

The Punjab government has officially granted holy-city status to the Amritsar Walled City, Talwandi Sabo and Sri Anandpur Sahib—home to three of the five Sikh Takhts. The announcement was made during a special Assembly session held at Sri Anandpur Sahib as part of the 350th martyrdom anniversary of Guru Tegh Bahadur Ji. Chief Minister Bhagwant Singh Mann and AAP leader Arvind Kejriwal said the move fulfills a long-standing demand of devotees and honours the Sikh Gurus' legacy. A complete ban on meat, alcohol, tobacco and intoxicants will be enforced in the designated cities. The Assembly passed the resolution unanimously, and a Sarv-Dharm Committee will oversee religious institutions and heritage preservation. The government has pledged dedicated budgets and development plans to promote cleanliness, security and religious tourism in these newly declared holy cities.

DESH VIDESH

ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਤਿੰਨ ਰੋਜ਼ਾ ਸਮਾਗਮ

ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਅਨਿੰਨ ਸੇਵਕਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜਾ 'ਤੇ ਵਿਸ਼ਾਲ ਸਮਾਗਮ ਦਾ ਆਯੋਜਨ ਲਾਲ ਕਿਲੇ 'ਤੇ ਕੀਤਾ ਗਿਆ। ਤਿੰਨ ਦਿਨ ਚੱਲੇ ਇਸ ਧਾਰਮਿਕ ਸਮਾਗਮ ਵਿਚ ਤਕਰੀਬਨ 6 ਲੱਖ ਲੋਕਾਂ ਨੇ ਨਤਮਸਤਕ ਹੋ ਕੇ ਗੁਰੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਗੁਰਮਤਿ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਅਤੇ ਜਨਰਲ ਸਕੱਤਰ ਨੇ ਦੱਸਿਆ ਕਿ ਸੰਗਤਾਂ ਵੱਲੋਂ ਇਹਨਾਂ ਸਮਾਗਮਾਂ ਪ੍ਰਤੀ ਇਤਿਹਾਸਕ ਹੁੰਗਾਰਾ ਭਰਨ ਲਈ ਉਨ੍ਹਾਂ ਦਾ ਰੋਮ-ਰੋਮ ਸੰਗਤਾਂ ਦਾ ਧੰਨਵਾਦੀ ਰਹੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਵਿਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ, ਗ੍ਰਹਿ ਮੰਤਰੀ ਅਮਿਤ ਸ਼ਾਹ, ਮੁੱਖ ਮੰਤਰੀ ਰੇਖਾ ਗੁਪਤਾ ਅਤੇ ਸੰਤਾਂ-ਮਹਾਪੁਰਖਾਂ ਤੇ ਨਿਹੰਗ ਸਿੰਘ ਜਥੇਬੰਦੀਆਂ ਦੀ ਹਾਜ਼ਰੀ ਨੇ ਸਮਾਗਮਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ ਹੈ। ਤਿੰਨ ਰੋਜ਼ਾ ਸਮਾਗਮਾਂ ਦੌਰਾਨ ਭਾਈ ਮਤੀ ਦਾਸ ਜੀ ਦੇ ਨਾਂ 'ਤੇ ਮਿਊਜ਼ੀਅਮ ਵਿਚ ਇਕ ਪ੍ਰਦਰਸ਼ਨੀ ਲਾਉਣ ਦੇ ਨਾਲ-ਨਾਲ ਲਾਈਟ ਐਂਡ ਸਾਊਂਡ

ਸ਼ੋਅ ਵੀ ਕਰਵਾਇਆ ਗਿਆ ਸੀ। ਸੰਗਤਾਂ ਦੀ ਜ਼ੋਰਦਾਰ ਮੰਗ ਕਾਰਨ ਇਸਨੂੰ 30 ਨਵੰਬਰ ਤੱਕ ਵਧਾ ਦਿੱਤਾ ਗਿਆ ਹੈ ਤੇ ਇਨ੍ਹਾਂ ਪ੍ਰੋਗਰਾਮਾਂ ਦਾ ਸਮਾਂ ਸ਼ਾਮ 5.00 ਵਜੇ ਤੋਂ ਰਾਤ 10.00 ਵਜੇ ਤੱਕ ਹੋਵੇਗਾ।

350ਵੇਂ ਸ਼ਹੀਦੀ ਸਮਾਗਮਾਂ ਮੌਕੇ ਇਤਿਹਾਸਿਕ ਸ਼ਹਿਰ ਰੋਮ 'ਚ ਸਮਾਗਮਾਂ ਦਾ ਆਯੋਜਨ

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸਮਾਗਮਾਂ ਮੌਕੇ ਇਟਲੀ ਦੀ ਰਾਜਧਾਨੀ ਰੋਮ 'ਚ ਸਾਂਝੀਵਾਲਤਾ ਦਾ ਉਪਦੇਸ਼ ਦਿੰਦਿਆਂ ਗੁਰਦੁਆਰਾ ਭਗਤ ਰਵਿਦਾਸ ਜੀ ਸਿੰਘ ਸਭਾ ਲਵੀਨੀਓ ਦੀ ਪ੍ਰਬੰਧਕ ਕਮੇਟੀ ਵੱਲੋਂ ਨੌਵੀਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੀ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ ਕਰਦਿਆਂ 350ਵੇਂ ਸ਼ਤਾਬਦੀ ਸਮਾਗਮਾਂ ਮੌਕੇ ਤਿੰਨ ਰੋਜ਼ਾ ਸਮਾਗਮਾਂ ਦਾ ਆਯੋਜਨ ਕੀਤਾ ਗਿਆ। ਆਰੰਭ ਸ੍ਰੀ ਆਖੰਡ ਪਾਠ ਦੇ ਭੋਗ ਉਪਰੰਤ ਸਜਾਏ ਖੁੱਲੇ ਦੀਵਾਨਾਂ ਵਿਚ ਪੰਥ ਪ੍ਰਸਿੱਧ ਢਾਡੀਆਂ ਅਤੇ ਉਨਾਂ ਦੇ ਸਾਥੀਆਂ ਵੱਲੋਂ ਆਈਆਂ ਸੰਗਤਾਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਸ਼ਹਾਦਤਾਂ ਭਰਿਆ ਗੌਰਵਮਈ ਇਤਿਹਾਸ ਸਰਵਣ ਕਰਵਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਆਏ ਹੋਏ ਜਥਿਆਂ ਅਤੇ ਸੇਵਾਦਾਰਾਂ ਦਾ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨ ਕੀਤਾ ਗਿਆ।

Guru Tegh Bahadur Diversity Garden Inaugurated in Windsor



Windsor, Ontario witnessed a landmark moment as the Guru Tegh Bahadur Sahib Ji Diversity Garden was formally inaugurated at Captain John Wilson Park. The ceremony, held on the 350th Shaheedi Gurpurab of Dhan Dhan Sri Guru Tegh Bahadur Sahib Ji, marked the first time in Canada that a public garden has been dedicated to the Ninth Sikh Guru. The initiative celebrates Guru Tegh Bahadur Ji's timeless message of peace, courage and sacrifice. Community members, local leaders and representatives from various backgrounds gathered to honour the Guru who laid down his life defending human rights, freedom of faith and the dignity of all people. The new diversity garden stands as a symbol of Sikh heritage and Canada's multicultural spirit, reinforcing Windsor's commitment to harmony and inclusion. The moment was filled with pride, unity and spiritual reflection, as the community paid tribute to the Guru known as Hind Di Chadar — the Protector of Humanity.

HERITAGE

ਹੁਣ ਬੀ.ਸੀ. ਦੇ ਸਮਾਨ ਆਸਾਨੀ ਨਾਲ ਕੈਨੇਡਾ ਭਰ ਵਿੱਚ ਵਿਕਣਗੇ

ਬ੍ਰਿਟਿਸ਼ ਕੋਲੰਬੀਆ ਦੇ ਕਾਰੋਬਾਰ ਹੁਣ ਆਪਣੀ ਉਤਪਾਦਨਸ਼ੀਲਤਾ ਨੂੰ ਕੈਨੇਡਾ ਭਰ ਵਿੱਚ ਆਸਾਨੀ ਨਾਲ ਵਧਾ ਸਕਣਗੇ, ਕਿਉਂਕਿ ਸਾਰੇ ਪ੍ਰਾਂਤਾਂ, ਖੇਤਰਾਂ ਅਤੇ ਕੇਂਦਰੀ ਸਰਕਾਰ ਨੇ 17 ਨਵੰਬਰ 2025 ਨੂੰ ਇੱਕ ਇਤਿਹਾਸਕਕ ਵਪਾਰਕ ਸਮਝੌਤਾ "ਕੈਨੇਡੀਅਨ ਮਿਊਚੁਅਲ ਰਿਕਗਨਿਸ਼ਨ" 'ਤੇ ਦਸਤਖਤ ਕੀਤੇ ਹਨ। ਇਸ ਦਾ ਮਕਸਦ ਦੇਸ਼ ਵਿੱਚ ਵਪਾਰਕ ਰੁਕਾਵਟਾਂ ਨੂੰ ਦੂਰ ਕਰਨਾ ਅਤੇ ਕੈਨੇਡੀਅਨ ਬਣੇ ਸਮਾਨ ਦੀ ਸਪਲਾਈ ਚੇਨ ਨੂੰ ਮਜ਼ਬੂਤ ਕਰਨਾ ਹੈ। ਬੀ.ਸੀ. ਦੇ ਪ੍ਰੀਮੀਅਰ ਡੇਵਿਡ ਏਬੀ ਨੇ ਇਸ ਸਮਝੌਤੇ ਦੀ ਵਡਿਆਈ ਕਰਦੇ ਹੋਏ ਕਿਹਾ ਕਿ "ਜਦੋਂ ਕੈਨੇਡਾ ਦੀ ਆਰਥਿਕ ਸੁਰੱਖਿਆ ਨੂੰ ਖਤਰੇ ਆਉਂਦੇ ਹਨ, ਤਦੋਂ ਅਸੀਂ ਇੱਕ ਦੇਸ਼ ਵਜੋਂ ਇਕੱਠੇ ਹੋ ਕੇ ਸਭ ਤੋਂ ਵਧੀਆ ਕੰਮ ਕਰਦੇ ਹਾਂ। ਇਹ ਅਗਰੀਮੈਂਟ ਕਾਰੋਬਾਰਾਂ ਲਈ ਨਵੇਂ ਮੌਕੇ ਖੋਲ੍ਹੇਗਾ ਅਤੇ ਸਾਡੀ ਆਰਥਿਕਤਾ ਨੂੰ ਅਮਰੀਕਾ 'ਤੇ ਨਿਰਭਰਤਾ ਤੋਂ ਬਚਾਉਣ ਵਿੱਚ ਮਦਦ ਕਰੇਗਾ।" ਬੀ.ਸੀ. ਸਰਕਾਰ ਨੇ ਦੱਸਿਆ ਕਿ ਇਹ ਪਹਿਲ ਬ੍ਰਿਟਿਸ਼ ਕੋਲੰਬੀਆ ਦੀ ਅਗਵਾਈ ਵਿਚ ਹੋਈ ਹੈ ਅਤੇ ਇਸ 'ਚ ਖਾਦ ਪਦਾਰਥਾਂ ਤੋਂ ਇਲਾਵਾ ਹਜ਼ਾਰਾਂ ਉਤਪਾਦ ਸ਼ਾਮਲ ਹੋਣਗੇ। ਇਹ ਸਮਝੌਤਾ ਦਸੰਬਰ 2025 ਤੋਂ ਲਾਗੂ ਹੋਵੇਗਾ। ਨਵੇਂ ਨਿਯਮਾਂ ਅਨੁਸਾਰ, ਜੇਕਰ ਕੋਈ ਸਮਾਨ ਬੀ.ਸੀ. ਵਿੱਚ ਕਾਨੂੰਨੀ ਤੌਰ 'ਤੇ ਵਿਕ ਸਕਦਾ ਹੈ, ਤਾਂ ਉਸਨੂੰ ਕੈਨੇਡਾ ਦੇ ਕਿਸੇ ਹੋਰ ਪ੍ਰਾਂਤ ਜਾਂ ਖੇਤਰ ਵਿੱਚ ਵੇਚਣ ਲਈ ਵਾਧੂ ਟੈਸਟਿੰਗ, ਸਰਟੀਫਿਕੇਸ਼ਨ, ਜਾਂ ਹੋਰ ਮਾਨਤਾਵਾਂ ਦੀ ਲੋੜ ਨਹੀਂ ਹੋਵੇਗੀ। ਇਹ ਸੁਧਾਰ ਹਜ਼ਾਰਾਂ ਉਤਪਾਦਾਂ 'ਤੇ ਲਾਗੂ ਹੋਵੇਗਾ, ਜਿਵੇਂ : ਮੈਨੂਫੈਕਚਰਿੰਗ ਉਪਕਰਣ, ਹੈਲਥ ਟੈਕਨਾਲੋਜੀ, ਕੱਪੜੇ, ਖਿਡੌਣੇ, ਉਦਯੋਗਿਕ ਸਮਾਨ, ਟਾਇਰ, ਵਾਹਨ-ਗੱਡੀਆਂ ਆਦਿ। ਬੀ.ਸੀ. ਦੇ ਮਿਨਿਸਟਰ ਆਫ ਜੌਬਜ਼ ਐਂਡ ਇਕਨੌਮਿਕ ਗ੍ਰੋਥ ਰਵੀ ਕਹਲੋਂ ਨੇ ਕਿਹਾ ਕਿ ਇਹ ਸਮਝੌਤਾ ਕੈਨੇਡਾ ਦੇ ਇਤਿਹਾਸ ਵਿੱਚ ਸਭ ਤੋਂ ਵੱਡੀ ਰੈੱਡ ਟੇਪ ਘਟਾਉ ਕਾਰਵਾਈ ਹੈ। ਇਹ ਕਦਮ ਬੀ.ਸੀ. ਸਰਕਾਰ ਦੇ Economic Stabilization (Tariff Response) Act May 2025 ਅਤੇ ਲੋਕ West plan ਦੇ ਉਦੇਸ਼ਾਂ ਨੂੰ ਵੀ ਮਜ਼ਬੂਤ ਕਰਦਾ ਹੈ।

ਕੈਨੇਡਾ 'ਚ ਸਿੱਖਾਂ ਨੂੰ ਵੱਡਾ ਝਟਕਾ! ਇਕ ਸੂਬੇ 'ਚ ਪੱਗ ਬੰਨ੍ਹਣ 'ਤੇ ਲੱਗਾ ਬੈਨ

ਇੰਟਰਨੈਸ਼ਨਲ ਡੈਸਕ- ਕੈਨੇਡਾ ਤੋਂ ਇਕ ਬੇਹੱਦ ਹੈਰਾਨ ਕਰਨ ਵਾਲੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਕਿਊਬਿਕ ਸੂਬੇ ਦੀ ਸਰਕਾਰ ਨੇ ਸੂਬੇ ਦੇ ਧਰਮ ਨਿਰਪੱਖਤਾ ਦੇ ਮਾਡਲ ਨੂੰ ਹੋਰ ਮਜ਼ਬੂਤ ਕਰਨ ਲਈ ਇਕ ਨਵਾਂ ਕਾਨੂੰਨ ਪੇਸ਼ ਕੀਤਾ ਹੈ, ਜਿਸ ਨੂੰ "ਸੈਕੂਲਰਿਜ਼ਮ 2.0" ਦਾ ਨਾਮ ਦਿੱਤਾ ਗਿਆ ਹੈ। ਇਹ ਨਵਾਂ ਬਿੱਲ, ਜਿਸ ਨੂੰ ਬਿੱਲ 9 ਵਜੋਂ ਜਾਣਿਆ ਜਾਂਦਾ ਹੈ, ਸੂਬੇ ਦੇ ਸਰਕਾਰੀ ਅਦਾਰਿਆਂ ਅਤੇ ਜਨਤਕ ਥਾਵਾਂ 'ਤੇ ਧਰਮ ਦੇ ਪ੍ਰਭਾਵ ਨੂੰ ਹੋਰ ਸੀਮਤ ਕਰਨ ਦੀ ਕੋਸ਼ਿਸ਼ ਵਜੋਂ ਲਿਆਂਦਾ ਗਿਆ ਹੈ। ਇਹ ਬਿੱਲ 2019 ਵਿੱਚ ਪਾਸ ਕੀਤੇ ਗਏ ਬਿੱਲ 21 ਦਾ ਵਿਸਥਾਰ ਹੈ, ਜਿਸ ਅਨੁਸਾਰ ਜੱਜਾਂ, ਪੁਲਸ ਅਧਿਕਾਰੀਆਂ, ਅਧਿਆਪਕਾਂ ਅਤੇ ਹੋਰ ਸਰਕਾਰੀ ਕਰਮਚਾਰੀਆਂ ਨੂੰ ਕੰਮ 'ਤੇ ਹਿਜਾਬ, ਕਿੱਪਾ ਜਾਂ ਪੱਗ ਵਰਗੇ ਧਾਰਮਿਕ ਚਿੰਨ੍ਹ ਪਹਿਨਣ ਤੋਂ ਰੋਕਿਆ ਗਿਆ ਹੈ। ਕਿਊਬਿਕ ਪ੍ਰੀਮੀਅਰ ਫ੍ਰਾਂਕੋਇਸ ਲੈਗਾਲਟ ਦੀ ਸਰਕਾਰ ਦੁਆਰਾ ਵੀਰਵਾਰ ਨੂੰ ਪੇਸ਼ ਕੀਤੇ ਗਏ ਇਸ ਬਿੱਲ ਅਨੁਸਾਰ ਜਨਤਕ ਥਾਵਾਂ, ਜਿਵੇਂ ਕਿ ਪਾਰਕਾਂ ਅਤੇ ਸੜਕਾਂ 'ਤੇ ਮਿਉਂਸਪਲ ਅਥਾਰਟੀ ਤੋਂ ਪ੍ਰਵਾਨਗੀ ਲਏ ਬਿਨਾਂ ਸਮੂਹਿਕ ਧਾਰਮਿਕ ਪ੍ਰੋਗਰਾਮ ਜਿਵੇਂ ਕਿ 'ਪ੍ਰਾਰਥਨਾ' 'ਤੇ ਰੋਕ ਲਗਾਉਂਦਾ ਹੈ। ਸੈਕੂਲਰਿਜ਼ਮ ਲਈ ਜ਼ਿੰਮੇਵਾਰ ਮੰਤਰੀ, ਜੀਨ-ਫ੍ਰਾਂਸਵਾ ਰੋਬਰਜ ਨੇ ਕਿਹਾ ਕਿ ਇਹ ਫੈਸਲਾ ਹਾਲ ਹੀ ਦੇ ਵਿਰੋਧ ਪ੍ਰਦਰਸ਼ਨਾਂ, ਜਿੱਥੇ ਫਿਲਿਸਤੀਨੀ ਪੱਖੀ ਰੈਲੀਆਂ ਵਿੱਚ ਸਮੂਹ ਪ੍ਰਾਰਥਨਾਵਾਂ ਕੀਤੀਆਂ ਗਈਆਂ ਸਨ, ਦੇ ਮੱਦੇਨਜ਼ਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬਿਨਾਂ ਪਰਮਿਟ ਦੇ ਟ੍ਰੈਫਿਕ ਨੂੰ ਰੋਕਣ, ਜਨਤਕ ਥਾਂ 'ਤੇ ਕਬਜ਼ਾ ਕਰਨ ਅਤੇ ਫਿਰ ਸਾਡੀਆਂ ਸੜਕਾਂ, ਪਾਰਕਾਂ, ਸਾਡੇ ਜਨਤਕ ਚੌਕਾਂ ਨੂੰ ਪੂਜਾ ਸਥਾਨਾਂ ਵਿੱਚ ਬਦਲਣਾ ਹੈਰਾਨ ਕਰਨ ਵਾਲਾ ਹੈ।

◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

1. **The message of "Naam, Daan, Isnaan" in modern society encourages:**
A. Competition and materialism
B. Mindfulness, sharing, and ethical living
C. Isolation from society
D. Blind faith and superstition

2. **Guru Granth Sahib's teaching of equality is especially relevant today for:**
A. Promoting caste-based hierarchy
B. Encouraging discrimination
C. Eliminating gender, caste, and racial biases
D. Limiting education to certain groups

3. **The Guru Granth Sahib promotes peaceful coexistence through:**
A. Encouraging conflict
B. Emphasizing universal brotherhood and respect
C. Supporting only one community
D. Restricting spiritual wisdom to devotees

4. **In addressing stress and mental health challenges today, the Guru Granth Sahib's guidance mainly helps through:**
A. Encouraging suppression of emotions
B. Teaching patience, meditation on Naam, and inner peace
C. Promoting fear and insecurity
D. Avoiding spiritual practices

(ਦੇਖੋ ਉੱਤਰ ਪੰਨਾ 4 'ਤੇ)

Artificial Intelligence, Authentic Damage: What AI Is Doing to Young Minds

- Dr. Devindwer Pal Singh

Artificial intelligence is reshaping modern childhood in subtle yet deeply troubling ways. What appears as harmless entertainment or convenience often masks profound risks to young people's mental health, autonomy, and future security, risks already visible in real-world incidents around the globe.

AI-driven social media platforms are among the most harmful influences. Their recommendation algorithms are engineered to keep users hooked, not healthy. In 2021, internal Meta documents leaked by a whistleblower revealed that Instagram's AI-based feeds worsened body-image issues for one in three teenage girls. Similar patterns emerged on TikTok, where AI recommendation loops have pushed vulnerable teens toward content promoting self-harm and extreme dieting. These platforms encourage endless scrolling, sleep deprivation, and emotional dependence, while weakening real-world communication and empathy.

AI also amplifies harmful and manipulative content. Deepfakes, once rare, are now widespread. In 2024, a deepfake video of a teenage girl in the UK went viral in her school, sparking severe bullying and psychological trauma. Political deepfakes have misled young voters in countries like India and the United States, while AI-generated hate speech has fueled communal tensions online. Even more alarming, police agencies worldwide have reported rising cases of predators using AI chatbots and deepfake avatars to groom minors. Privacy is another frontline of damage. Apps like Snapchat and TikTok collect vast amounts of behavioural data from teenagers. In 2023, TikTok was fined by the Irish regulators for illegally processing the data of minors, revealing how easily youth privacy is violated. Smart toys equipped with AI, such as the "My Friend Cayla" doll, have been banned in several countries after it was discovered that children's conversations were transmitted to remote servers without consent.

Education, too, is suffering. AI writing tools such as ChatGPT and essay generators have led to a surge in academic dishonesty. In multiple school districts across several countries, teachers reported students submitting AI-generated assignments riddled with fabricated references or false facts, weakening critical thinking and basic literacy skills. Finally, AI-driven automation is already limiting youth employment. Retail chains, including Walmart and Amazon, have replaced thousands of entry-level roles with AI-powered checkout and warehouse systems, shrinking opportunities for young workers seeking their first jobs.

AI is not inherently harmful, but its uncontrolled spread is. Protecting young minds now requires strong regulation, responsible design, and education that teaches resilience rather than dependence. The future of an entire generation depends on it. ◆◆

SIKH MATRIMONIALS

Gursikhgirl26/5'/Philosophy(H)DU,DiplomaGeorge Brown College, Toronto/ Working /Family got PR in 2022 settled Vancouver/ Contact+91 9810196404

Required Canadian Born Sikh match for Gursikh girl 29/5'4" in Govt job at Ottwa. No cast bar, Boy should be Turbaned ND/NT. Contact +1613 330 6319.

Gursikh Boy 32/5'7"/ BTech/Post Graduate from Niagara College/ Working as Engineer in Windsor, Canada. Contact father +91-9417177476

Looking for a Gursikh boy for Khatri girl F-91--5-3" working in NYPD as Attorney. Well qualified and settled gursikh boy from USA or Canada preferred +91 8750888333

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. C 3. B 4. B

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)

email: canadasikhtimes@gmail.com, M: +1 437 673 7555